(i) Printed Pages : 2 Roll No. ..................................

(ii) Questions : 6

**Sub. Code : 0 5 0 2**

**Exam. Code : 0 0 0 6**

**B.A./B.Sc. (General) 6th Semester**

**1048**

**PUNJABI (Compulsory)**

**Paper–(For B.A. Candidates and Shastri VI Semester)**

**Time Allowed : Three Hours] [Maximum Marks : 45**

**ਨੋਟ :–** (1) ਲਿਖਾਈ ਸੁੰਦਰ ਅਤੇ ਸਪਸ਼ਟ ਹੋਣੀ ਚਾਹੀਦੀ ਹੈ।

(2) ਸਾਰੇ ਪ੍ਰਸ਼ਨਾਂ ਦੇ ਉੱਤਰ ਕ੍ਰਮਵਾਰ ਹੱਲ ਕੀਤੇ ਜਾਣ।

1. 'ਅੰਨ੍ਹੇ ਘੋੜੇ ਦਾ ਦਾਨ' ਨਾਵਲ ਦਾ ਵਿਸ਼ਾ-ਵਸਤੂ ਲਿਖੋ।

**ਜਾਂ**

ਕਿਸੇ **ਇੱਕ** ਪਾਤਰ ਦਾ ਚਰਿੱਤਰ-ਚਿਤਰਨ ਕਰੋ :

(ੳ) ਮੇਲੂ ਦੀ ਬੇਬੇ

(ਅ) ਪਾਲਾ ਬੁੜ੍ਹਾ। 10

2. ਨਿਮਨ-ਲਿਖਿਤ ਵਾਰਤਾਲਾਪ ਵਿੱਚੋਂ ਕਿਸੇ **ਇੱਕ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(ੳ) "ਜੇ ਦੋ ਸਾਲ ਹੋਰ ਗਰੈਹਣ ਨਾ ਲੱਗੇ ਤਾ ਫੇਰ ਕਿੱਥੋਂ ਖਾਉਂਗੇ ? ..... ਪਿਉ ਦਾਦੇ ਦਾ ਰਵੀਰਾ ਜੇ ਨਹੀਂ ਛੱਡਦੇ ਤਾਂ ਹੀਂ ਪੀੜ੍ਹੀਆਂ ਬੀਤ ਗੀਆਂ ਨਾ ਧੱਕੇ ਖਾਂਦਿਆਂ ਨੂੰ .......।

(ਅ) "ਓਇ ਕਮਲਿਆ ਬੰਦਿਆ, ਪਿੰਡ ਦਾ ਕੋਈ ਇਕ ਰੌਲੈ ?" ..... "ਨਿੱਤ ਤਾਂ ਕੋਈ ਨਾ ਕੋਈ ਪੰਗਾ ਖੜ੍ਹਾ ਹੋਇਆ ਰਹਿੰਦੈ, ਮੈਨੂੰ ਭਲਾ ਸੁਫ਼ਨਾ ਆਉਂਦੈ ਬਈ ਤੂੰ ਕਿਹੜੇ ਰੌਲੇ ਕਰਕੇ ਸੱਦਣ ਆਇਐਂ ?" 5

3. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ **ਪੰਜ** ਦੇ ਸੰਖੇਪ ਉੱਤਰ ਲਿਖੋ :

(ੳ) ਮੇਲੂ ਦੇ ਮੁੰਡੇ ਕਿਹੋ ਜਿਹੇ ਸਨ ?

(ਅ) ਪੁਲੀ ਉੱਤੇ ਜਾ ਕੇ ਮੇਲੂ ਦੇ ਬਾਪੂ ਨੇ ਕੀ ਦੇਖਿਆ ?

(ੲ) ਵਿਹੜੇ ਦੇ ਪੰਚ ਦਾ ਚਰਿੱਤਰ-ਚਿਤਰਨ ਕਰੋ।

(ਸ) ਦੀਸਾ ਕੌਣ ਸੀ ?

(ਹ) ਦੁੱਲੇ ਬਾਰੇ ਸੰਖੇਪ ਜਾਣਕਾਰੀ ਦਿਉ।

(ਕ) ਪਰਭੂ ਬੁੜ੍ਹਾ ਕੌਣ ਸੀ ?

(ਖ) 'ਅੰਨ੍ਹੇ ਘੋੜੇ ਦਾ ਦਾਨ' ਨਾਵਲ ਦਾ ਉਦੇਸ਼ ਕੀ ਹੈ ?

(ਗ) ਨਾਵਲ ਦੇ ਅੰਤ ਵਿੱਚ ਗਿੱਡੂ ਕਾਣਾ ਕੀ ਕਹਿ ਰਿਹਾ ਸੀ ? 5

4. ਤੁਹਾਡੇ ਕਾਲਜ ਵਿੱਚ ਅੰਤਰ-ਕਾਲਜ ਕਾਵਿ-ਉਚਾਰਣ ਪ੍ਰਤੀਯੋਗਤਾ ਦਾ ਆਯੋਜਨ ਹੋਇਆ — ਉਸ ਸੰਬੰਧੀ ਲਗਭਗ 200 ਸ਼ਬਦਾਂ ਤੱਕ ਇੱਕ ਪ੍ਰੈਸ ਨੋਟ ਤਿਆਰ ਕਰੋ। 8

5. ਗੁਰਮੁਖੀ ਲਿਪੀ ਦੇ ਵਿਕਾਸ ਵਿੱਚ ਗੁਰੂ ਸਾਹਿਬਾਨ ਦੇ ਯੋਗਦਾਨ ਬਾਰੇ ਜਾਣਕਾਰੀ ਦਿਉ।

**ਜਾਂ**

ਗੁਰਮੁਖੀ ਆਰਥੋਗ੍ਰਾਫ਼ੀ ਦੇ ਅੰਤਰਗਤ ਬਿੰਦੀ, ਟਿੱਪੀ ਅਤੇ ਅੱਧਕ ਦੀ ਵਰਤੋਂ ਬਾਰੇ ਜਾਣਕਾਰੀ ਦਿਉ। 7

6. (ੳ) ਵਾਕ ਦੀ ਪਰਿਭਾਸ਼ਾ ਦਿੰਦਿਆਂ ਰੂਪ ਦੇ ਆਧਾਰ ਤੇ ਵਾਕ ਦੀ ਵੰਡ ਬਾਰੇ ਜਾਣਕਾਰੀ ਦਿਉ।

**ਜਾਂ**

ਸਵਾਧੀਨ ਅਤੇ ਪਰਾਧੀਨ ਉਪਵਾਕ ਕੀ ਹੁੰਦੇ ਹਨ ? ਸਪਸ਼ਟ ਕਰੋ।

(ਅ) ਕਿਸੇ **ਦੋ** ਦਾ ਉੱਤਰ ਲਿਖੋ :

(i) ਕੋਈ ਇਕ ਮਿਸ਼ਰਤ ਵਾਕ ਬਣਾਉ।

(ii) ਬਿਆਨੀਆ ਵਾਕ ਦੀ ਪਰਿਭਾਸ਼ਾ ਲਿਖੋ ਅਤੇ ਇਕ ਉਦਾਹਰਣ ਵੀ ਦਿਉ।

(iii) 'ਮਿਹਨਤ ਕਰੋ।' — ਇਸ ਵਾਕ ਦੀ ਕਿਸਮ ਦੱਸੋ।

(iv) ਯੋਜਕ ਕਿੰਨੀ ਤਰ੍ਹਾਂ ਦੇ ਹੁੰਦੇ ਹਨ ? 6+2+2=10